COVID Intensive Learning Support Program (CILSP)

Information for parents and carers

# COVID ਇੰਟੈਂਸਿਵ ਲਰਨਿੰਗ ਸਪੋਰਟ ਪ੍ਰੋਗਰਾਮ

## ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ

### COVID ਇੰਟੈਂਸਿਵ ਲਰਨਿੰਗ ਸਪੋਰਟ ਪ੍ਰੋਗਰਾਮ ਸਬੰਧੀ

ਇਹ COVID ਇੰਟੈਂਸਿਵ ਲਰਨਿੰਗ ਸਪੋਰਟ ਪ੍ਰੋਗਰਾਮ (COVID Intensive Learning Support Program (CILSP)) NSW ਦੇ ਸਾਰੇ ਹਲਕਿਆਂ ਵਿੱਚ ਪ੍ਰਾਇਮਰੀ, ਸੈਕੰਡਰੀ ਅਤੇ ਸਪੈਸ਼ਲਿਸਟ ਸਕੂਲਾਂ ਵਿੱਚ ਉਹਨਾਂ ਵਿਦਿਆਰਥੀਆਂ ਲਈ ਛੋਟੇ ਸਮੂਹ ਟਿਊਸ਼ਨ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ।

ਇਹ ਪ੍ਰੋਗਰਾਮ NSW ਦੇ ਸਿਖਿਆ ਵਿਭਾਗ, NSW ਦੇ ਕੈਥੋਲਿਕ ਸਕੂਲਾਂ ਅਤੇ NSW ਦੇ ਐਸੋਸੀਏਸ਼ਨ ਆਫ ਇੰਡੀਪੈਂਡੰਟ ਸਕੂਲਾਂ ਦੀ ਜੁੜਵੀਂ ਕੋਸ਼ਿਸ਼ ਹੈ।

ਇਹ ਪ੍ਰੋਗਰਾਮ ਉਹਨਾਂ ਵਿਦਿਆਰਥੀਆਂ ਦੀ ਮਦਦ ਲਈ ਸ਼ੁਰੂ ਕੀਤਾ ਗਿਆ ਸੀ ਜਿਨ੍ਹਾਂ ਦੀ ਸਿਖਲਾਈ ਮੁੱਖ ਤੌਰ ‘ਤੇ COVID-19 ਮਹਾਂਮਾਰੀ ਦੇ ਕਾਰਨ ਘਰ ਤੋਂ ਸਿੱਖਣ ਦੇ ਲੰਬੇ ਸਮੇਂ ਤੋਂ ਪ੍ਰਭਾਵਿਤ ਹੋਈ ਸੀ। ਇਹ ਪ੍ਰੋਗਰਾਮ ਸਾਖਰਤਾ ਅਤੇ ਸੰਖਿਆ ‘ਤੇ ਕੇਂਦਰਿਤ ਹੈ।

ਹਰੇਕ ਸਕੂਲ ਆਪਣੇ ਵਿਦਿਆਰਥੀਆਂ ਦੀਆਂ ਲੋੜਾਂ ਦੇ ਅਧਾਰ ‘ਤੇ ਆਪਣਾ ਪ੍ਰੋਗਰਾਮ ਵਿਕਸਤ ਕਰਦਾ ਹੈ ਅਤੇ ਵਿਸ਼ੇਸ਼ ਤੌਰ ‘ਤੇ ਸਿਖਲਾਈ ਪ੍ਰਾਪਤ ਅਧਿਆਪਕਾਂ ਅਤੇ ਹੋਰ ਸਿੱਖਿਅਕਾਂ ਜਿਵੇਂ ਕਿ ਯੂਨੀਵਰਸਿਟੀ ਲੈਕਚਰਾਰਾਂ ਅਤੇ ਪ੍ਰੀਸਕੂਲ ਅਧਿਆਪਕਾਂ ਨੂੰ ਨਿਯੁਕਤ ਕਰਨ ਵਾਲੇ ਪ੍ਰੋਗਰਾਮਾਂ ਦਾ ਪ੍ਰਬੰਧਨ ਕਰਦਾ ਹੈ। ਇਹ ਛੋਟੇ ਸਮੂਹ ਪਾਠ ਸਕੂਲ ਦੇ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਂ ਸਕੂਲ ਦੇ ਸਮੇਂ ਦੌਰਾਨ ਆਯੋਜਿਤ ਕੀਤੇ ਜਾ ਸਕਦੇ ਹਨ।

### ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ

COVID ਇੰਟੈਂਸਿਵ ਲਰਨਿੰਗ ਸਪੋਰਟ ਪ੍ਰੋਗਰਾਮ ਰਾਹੀਂ, ਸਕੂਲਾਂ ਨੂੰ ਵਾਧੂ ਸਿਖਿਅਕਾਂ ਨੂੰ ਨਿਯੁਕਤ ਕਰਨ ਲਈ ਫੰਡ ਮੁਹੱਈਆ ਕਰਵਾਏ ਜਾਂਦੇ ਹਨ ਜੋ ਵਿਦਿਆਰਥੀਆਂ ਲਈ ਛੋਟੇ ਗਰੁਪ ਟਿਊਸ਼ਨ ਮੁਹੱਈਆ ਕਰਦੇ ਹਨ।

ਸਕੂਲ ਦੇ ਪ੍ਰਿੰਸੀਪਲ ਦੇ ਨਾਲ ਅਤੇ ਕਈ ਤਰ੍ਹਾਂ ਦੇ ਮੁਲਾਂਕਣਾਂ ਦੀ ਵਰਤੋਂ ਕਰਦੇ ਹੋਏ, ਕਲਾਸਰੂਮ ਅਧਿਆਪਕ ਇਹ ਨਿਰਧਾਰਤ ਕਰਦਾ ਹੈ ਕਿ ਛੋਟੇ ਗਰੁਪ ਟਿਊਸ਼ਨ ਤੋਂ ਕਿਹੜੇ ਬੱਚਿਆਂ ਨੂੰ ਲਾਭ ਹੋਵੇਗਾ।

ਪ੍ਰੋਗਰਾਮ ਵਿੱਚ ਹਰੇਕ ਬੱਚੇ ਦੀ ਸਮੂਲੀਅਤ ਬਾਰੇ ਬਾਅਦ ਵਿੱਚ ਉਹਨਾਂ ਦੇ ਮਾਪਿਆਂ ਜਾਂ ਸੰਭਾਲਕਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇੱਕ ਅਧਿਆਪਨ ਯੋਜਨਾ ਤਿਆਰ ਕੀਤੀ ਜਾਂਦੀ ਹੈ। ਬੱਚੇ ਦੀ ਪ੍ਰਗਤੀ ਦੀ ਨਿਯਮਤ ਤੌਰ ‘ਤੇ ਜਾਂਚ ਕੀਤੀ ਜਾਂਦੀ ਹੈ ਅਤੇ ਮਾਪਿਆਂ ‘ਤੇ ਸੰਭਾਲਕਾਂ ਨਾਲ ਸੰਪਰਕ ਜਾਰੀ ਰੱਖਿਆ ਜਾਂਦਾ ਹੈ।

### ਪ੍ਰੋਗਰਾਮ ਦੀਆਂ ਮੁੱਖ ਵਿਸ਼ੇਸ਼ਤਾਵਾਂ

- ਹਰੇਕ NSW ਦੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਪ੍ਰੋਗਰਾਮ ਦੁਆਰਾ ਸਹਿਯੋਗ ਦਿੱਤਾ ਗਿਆ ਹੈ। ਸਾਲ 2021 ਵਿੱਚ ਕੁਲ 265,000 ਵਿਦਿਆਰਥੀਆਂ ਦਾ ਸਮਰਥਨ ਕੀਤਾ ਗਿਆ ਸੀ।
- ਛੋਟੇ ਗਰੁਪ ਟਿਊਸ਼ਨ ਵਾਧੂ ਸਿਖਿਅਕਾਂ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ – ਜਿਸ ਵਿੱਚ ਆਮ ਅਤੇ ਅਸਥਾਈ ਅਧਿਆਪਕ, ਸੇਵਾ ਮੁਕਤ ਅਧਿਆਪਕ, ਅਤੇ ਵਿਦਿਆਰਥੀ ਅਧਿਆਪਕ ਸ਼ਾਮਲ ਹਨ। ਇਹ ਯਕੀਨੀ ਬਣਾਉਣ ਲਈ ਕਿ ਟਿਊਸ਼ਨ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਾ ਹੈ ਵਾਧੂ ਅਧਿਆਪਕ ਕਲਾਸ ਦੇ ਅਧਿਆਪਕਾਂ ਨਾਲ ਮਿਲ ਕੇ ਕੰਮ ਕਰਦੇ ਹਨ।
- ਟਿਊਸ਼ਨ ਸਾਖਰਤਾ ਅਤੇ ਸੰਖਿਆ ‘ਤੇ ਕੇਂਦਰਿਤ ਹੁੰਦਾ ਹੈ।
- ਮਾਹਿਰ ਸਿੱਖਿਅਕਾਂ ਅਤੇ ਪ੍ਰਸ਼ਾਸਕਾਂ ਦੀ ਇੱਕ ਟੀਮ ਪ੍ਰੋਗਰਾਮ ਨੂੰ ਲਾਗੂ ਕਰਨ ਵਿੱਚ ਸਕੂਲਾਂ ਦਾ ਸਮਰਥਨ ਅਤੇ ਮਾਰਗਦਰਸ਼ਨ ਕਰਦੀ ਹੈ।
- ਛੋਟੇ ਸਮੂਹ ਟਿਊਸ਼ਨ ਵਿੱਚ 2-5 ਵਿਦਿਆਰਥੀਆਂ ਦੇ ਸਮੂਹਾਂ ਲਈ ਪੂਰਕ ਅਧਿਆਪਨ ਅਤੇ ਸਿਖਲਾਈ ਸਹਾਇਤਾ ਸ਼ਾਮਲ ਹੁੰਦੀ ਹੈ। ਵਿਦਿਆਰਥੀਆਂ ਨੂੰ ਕਲਾਸਰੂਮ ਦੀਆਂ ਹਦਾਇਤਾਂ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਪੂਰਵ-ਨਿਰਧਾਰਤ ਸਮੇਂ ਲਈ ਲਗਾਤਾਰ ਸਿਖਲਈ ਦਿੱਤੀ ਜਾਂਦੀ ਹੈ।



NSW GOVERNMENT

### COVID ਇੰਟੈਂਸਿਵ ਲਰਨਿੰਗ ਸਪੋਰਟ ਪ੍ਰੋਗਰਾਮ ਅਤੇ ਤੁਹਾਡਾ ਬੱਚਾ

ਤੁਹਾਡੇ ਬੱਚੇ ਦਾ ਅਧਿਆਪਕ ਤੁਹਾਡੇ ਨਾਲ ਸੰਪਰਕ ਕਰੇਗਾ, ਜੇ ਉਸ ਨੂੰ ਮਹਿਸੂਸ ਹੋਵੇ ਕਿ ਇਹ ਪ੍ਰੋਗਰਾਮ ਤੁਹਾਡੇ ਬੱਚੇ ਨੂੰ ਲਾਭ ਪਹੁੰਚਾਏਗਾ।

ਜੇ ਤੁਸੀਂ ਪ੍ਰੋਗਰਾਮ ਬਾਰੇ ਵਧੇਰੇ ਜਾਣਨ ਦੇ ਇੱਛਕ ਹੋ ਤਾਂ COVID ਇੰਟੈਂਸਿਵ ਲਰਨਿੰਗ ਸਪੋਰਟ ਪ੍ਰੋਗਰਾਮ ਦੇ ਵੈਬਪੇਜ (COVID Intensive Learning Support Program webpage) 'ਤੇ ਜਾਓ। ਜੇ ਤੁਹਾਨੂੰ ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਨ ਦੀ ਲੋੜ ਹੈ, ਤਾਂ ਤੁਹਾਡੇ ਬੱਚੇ ਦੇ ਅਧਿਆਪਕ ਨਾਲ ਵਿਚਾਰ-ਵਟਾਂਦਰਾ ਕਰੋ।

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੋਵੇ ਤਾਂ ਕਿਰਪਾ ਕਰਕੇ ਤੁਹਾਡੇ ਸਕੂਲ ਦੇ ਪ੍ਰਿੰਸੀਪਲ ਨੂੰ ਕਾਲ ਕਰੋ। ਜੇ ਤੁਹਾਨੂੰ ਤੁਹਾਡੀ ਪੁੱਛ ਗਿੱਛ ਲਈ ਇਕ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ ਤਾਂ ਕਿਰਪਾ ਕਰਕੇ ਟੈਲੀਫੋਨ ਦੁਭਾਸ਼ੀਆ ਸੇਵਾ ਨੂੰ 131 450 'ਤੇ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਨੂੰ ਉਹ ਫੋਨ ਨੰਬਰ ਦੱਸੋ ਜਿਸ 'ਤੇ ਤੁਸੀਂ ਕਾਲ ਕਰਨਾ ਚਾਹੁੰਦੇ ਹੋ, ਅਤੇ ਔਪਰੇਟਰ ਇੱਕ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ ਜਿਹੜਾ ਤੁਹਾਡੀ ਗੱਲਬਾਤ ਦੌਰਾਨ ਤੁਹਾਡੀ ਸਹਾਇਤਾ ਕਰੇਗਾ। ਤੁਹਾਡੇ ਕੋਲੋਂ ਇਸ ਸੇਵਾ ਲਈ ਕੋਈ ਵੀ ਰਕਮ ਨਹੀਂ ਵਸੂਲ ਕੀਤੀ ਜਾਵੇਗੀ।